Punjabi - Number 81
February 2010

# ਫੋੜੇ ਫਿਨਸੀਆਂ ਦੀ ਬਿਮਾਰੀ

## Impetigo

### ਫੋੜੇ ਫਿਨਸੀਆਂ ਦੀ ਬਿਮਾਰੀ ਕੀ ਹੈ?

ਫੋੜੇ ਫਿਨਸੀਆਂ ਦੀ ਬਿਮਾਰੀ (ਇਮਪੇਟਾਈਗੋ) ਇੱਕ ਚਮੜੀ ਦਾ ਰੋਗ ਹੈ ਜੋ ਆਮ ਤੌਰ ਤੇ ਬੱਚਿਆਂ ਨੂੰ ਗਰਮੀਆਂ ਦੇ ਮੌਸਮ ਵਿੱਚ ਹੁੰਦਾ ਹੈ। ਇਹ ਰੋਗ ਦੁਨੀਆਂ ਵਿੱਚ ਸਭ ਜਗ੍ਹਾ ਤੇ ਆਮ ਤੌਰ ਤੇ ਜਰਾਸੀਮਾਂ (ਬੈਕਟੀਰੀਆ) ਕਰਕੇ ਹੁੰਦਾ ਹੈ। ਇਹ ਜਰਾਸੀਮ ਜਿਸਮ ਤੇ ਲਗੀ ਰਗੜ, ਪੁਰਾਣੇ ਜ਼ਖਮ, ਕੀੜੇ ਦੁਆਰਾ ਕੱਟੀ ਜਗ੍ਹਾ ਜਾਂ ਐਗਜ਼ੀਮਾਂ ਵਾਲੀਆਂ ਜਗ੍ਹਾ ਵਿੱਚ ਵੜ ਜਾਂਦੇ ਹਨ।

### ਇਹ ਕਿਹੋ ਜਿਹੀ ਨਜ਼ਰ ਆਉਂਦੀ ਹੈ?

ਇਸ ਰੋਗ ਵਾਲੇ ਬੱਚੇ ਦੀ ਚਮੜੀ ਤੇ ਛੋਟੇ ਛੋਟੇ ਛਾਲਿਆਂ ਵਾਂਗ ਜਾਂ ਲਾਲ ਧੱਫੜਾਂ ਜਿਹੇ ਦਾਣੇ ਨਜ਼ਰ ਆਉਂਦੇ ਹਨ। ਇਹ ਛਾਲੇ ਨਜ਼ਰ ਆਉਣ ਤੋਂ ਬਾਅਦ ਆਮ ਤੌਰ ਤੇ ਫਿਸ ਜਾਂਦੇ ਹਨ ਅਤੇ ਇਨ੍ਹਾਂ 'ਚੋਂ ਪਾਣੀ ਵਗਦਾ ਹੈ। ਜਦੋਂ ਪਾਣੀ ਸੁਕਦਾ ਹੈ ਤਾਂ ਛਾਲੇ ਪੀਲੇ ਜਾਂ ਸਲੇਟੀ ਰੰਗ ਦੇ ਖਰੀਂਡ ਨਾਲ ਢੱਕੇ ਜਾਂਦੇ ਹਨ। ਛਾਲੇ ਦੇ ਦੁਆਲੇ ਵਾਲੀ ਥਾਂ ਆਮ ਤੌਰ ਤੇ ਲਾਲ ਹੋ ਜਾਂਦੀ ਹੈ। ਜੇ ਇਲਾਜ ਨਾ ਕੀਤਾ ਜਾਏ ਤਾਂ ਦਾਣੇ ਹੋਰ ਫੈਲ ਜਾਣਗੇ।

ਇਹ ਫਿਨਸੀਆਂ ਦੇ ਦਾਣੇ ਆਮ ਤੌਰ ਤੇ ਨੱਕ, ਮੂੰਹ ਦੁਆਲੇ ਅਤੇ ਚਿਹਰੇ ਦੇ ਹੋਰ ਹਿਸਿਆਂ ਤੇ ਨਿਕਲ ਸਕਦੇ ਹਨ। ਚਮੜੀ ਦਾ ਕੋਈ ਵੀ ਹਿੱਸਾ ਜਿਹੜਾ ਕਪੜੇ ਨਾਲ ਨਾ ਢੱਕਿਆ ਹੋਵੇ ਜਿਵੇਂ ਲੱਤਾਂ ਅਤੇ ਬਾਹਵਾਂ, ਤੇ ਇਹ ਦਾਣੇ ਨਿਕਲ ਸਕਦੇ ਹਨ।

ਇਸ ਰੋਗ ਦੀਆਂ ਜ਼ਿਆਦਾ ਗੰਭੀਰ ਹਾਲਤਾਂ ਵਿੱਚ ਚਿਹਰੇ ਜਾਂ ਧੌਣ ਦੀਆਂ ਲਸਿਕਾ ਗ੍ਰੰਥੀਆਂ ਵਿੱਚ ਸੋਜਸ਼ ਹੋ ਸਕਦੀ ਹੈ। ਇਸ ਸੋਜਸ਼ ਨਾਲ ਬੁਖ਼ਾਰ ਵੀ ਹੋਵੇਗਾ।

### ਕੀ ਇਹ ਬਹੁਤ ਖ਼ਤਰਨਾਕ ਹੈ?

ਫੋੜੇ ਫਿਨਸੀਆਂ ਇੱਕ ਮਾਮੂਲੀ ਜਿਹਾ ਰੋਗ ਹੈ। ਇਸ ਰੋਗ ਵਾਲੇ ਬੱਚਿਆਂ ਨੂੰ ਥੋੜੀ ਬਹੁਤ ਖਾਰਸ਼ ਤੋਂ ਇਲਾਵਾ ਕੁਝ ਬੇਅਰਾਮੀ ਹੋਵੇਗੀ।

ਇਹ ਇੱਕ ਬੜੀ ਛੂਤ ਵਾਲੀ ਬਿਮਾਰੀ ਹੈ। ਰੋਗੀ ਮਨੁੱਖ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਬੱਚਿਆਂ ਅਤੇ ਬਜ਼ੁਰਗਾਂ ਨੂੰ ਇਹ ਬਿਮਾਰੀ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਕੁਝ ਵਿਰਲੀਆਂ ਹਾਲਤਾਂ ਵਿੱਚ ਇਹ ਰੋਗ ਖ਼ੂਨ ਨੂੰ ਵੀ ਦੂਸ਼ਤ ਕਰ ਸਕਦਾ ਹੈ, ਜਿਸ ਕਰਕੇ ਬੱਚੇ ਦੇ ਗੁਰਦੇ ਰੋਗ ਗਰਸਤ ਹੋ ਸਕਦੇ ਹਨ।

### ਇਹ ਕਿਵੇਂ ਫੈਲਦੀ ਹੈ?

ਇਹ ਬਿਮਾਰੀ ਬੜੀ ਅਸਾਨੀ ਨਾਲ ਇੱਕ ਮਨੁੱਖ ਤੋਂ ਦੂਜੇ ਨੂੰ ਲਗ ਸਕਦੀ ਹੈ। ਇਹ ਬਿਮਾਰੀ ਚਮੜੀ ਦੇ ਚਮੜੀ ਨਾਲ ਛੂਹਣ ਕਰਕੇ ਫੈਲਦੀ ਹੈ। ਮਿਸਾਲ ਦੇ ਤੌਰ ਤੇ, ਜੇ ਇੱਕ ਮਨੁੱਖ ਜ਼ਖ਼ਮ ਨੂੰ ਹੱਥ ਲਗਾ ਕੇ ਉਹੀ ਹੱਥ ਕਿਸੇ ਦੂਸਰੇ ਮਨੁੱਖ ਨੂੰ ਲਗਾ ਦੇਵੇ ਤਾਂ ਰੋਗ ਫੈਲ ਸਕਦਾ ਹੈ। ਰੋਗ ਲਗਣ ਤੋਂ 1–10 ਦਿਨਾਂ ਬਾਅਦ ਫਿਨਸੀਆਂ ਦੇ ਦਾਣੇ ਨਜ਼ਰ ਆਉਂਦੇ ਹਨ।

ਜੇਕਰ ਤੁਹਾਡੇ ਪਰਵਾਰ ਦੇ ਕਿਸੇ ਜੀਅ ਨੂੰ ਜਾਂ ਕਿਸੇ ਜਾਣ ਪਹਿਚਾਣ ਵਾਲੇ ਨੂੰ ਇਹ ਰੋਗ ਹੈ ਤਾਂ ਤੁਹਾਨੂੰ ਆਪਣੀ ਸਿਹਤ ਸਫ਼ਾਈ ਦਾ ਜ਼ਿਆਦਾ ਧਿਆਨ ਰੱਖਣਾ ਚਾਹੀਦਾ ਹੈ। ਇਹ ਬੜਾ ਜ਼ਰੂਰੀ ਹੈ ਕਿ ਜ਼ਖ਼ਮ ਨੂੰ ਛੂਹਣ ਤੋਂ ਬਾਅਦ ਹੱਥਾਂ ਨੂੰ ਧੋਵੋ, ਕਿਉਂਕਿ ਫੋੜੇ ਫਿਨਸੀਆਂ ਦੀ ਬਿਮਾਰੀ ਹੱਥ ਦੇ ਹੱਥ ਨਾਲ ਸਪਰਸ਼ ਹੋਣ ਕਾਰਨ ਅਸਾਨੀ ਨਾਲ ਫੈਲ ਜਾਂਦੀ ਹੈ।

ਇਸਦੇ ਨਾਲ ਹੀ ਰੋਗੀ ਬੱਚਾ ਆਪਣਾ ਤੌਲੀਆ, ਕਪੜੇ, ਮੂੰਹ ਵਾਲੇ ਕਪੜੇ ਜਾਂ ਟਾਇਲਟ ਦਾ ਸਮਾਨ ਜਿਵੇਂ ਕਿ ਕੰਘੀ ਜਾਂ ਬੁਰਸ਼ ਕਿਸੇ ਨਾਲ ਸਾਂਝੇ ਨਾ ਕਰੇ।

### ਆਪਣੇ ਡਾਕਟਰ ਨੂੰ ਮਿਲੋ

ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਬੱਚੇ ਨੂੰ ਫੋੜੇ ਫਿਨਸੀਆਂ ਦਾ ਰੋਗ ਹੈ ਤਾਂ ਉਸ ਨੂੰ ਆਪਣੇ ਡਾਕਟਰ ਕੋਲ ਦਿਖਾਉਣ ਲਈ ਲੈਕੇ ਜਾਵੋ।

ਆਪਣੇ ਆਪ ਨੂੰ ਅਤੇ ਹੋਰ ਬੱਚਿਆਂ ਨੂੰ ਰੋਗੀ ਬੱਚੇ ਦੇ ਸੰਪਰਕ ਵਿੱਚ ਆਉਣ ਤੋਂ ਬਚਾ ਕੇ ਰੱਖਣ ਲਈ ਸਾਵਧਾਨ ਰਹੋ।

ਜੇ ਤੁਹਾਡਾ ਡਾਕਟਰ ਸਮਝੇ ਕਿ ਬੱਚੇ ਨੂੰ ਫੋੜੇ ਫਿਣਸੀਆਂ ਦਾ ਰੋਗ ਹੈ ਤਾਂ ਐਂਟੀਬਾਇਟਿਕ ਕਰੀਮ ਅਤੇ/ਜਾਂ ਐਂਟੀਬਾਇਟਿਕ ਦਵਾਈ ਨਾਲ ਇਸਦਾ ਇਲਾਜ ਅਸਾਨੀ ਨਾਲ ਹੋ ਸਕਦਾ ਹੈ।

ਇਸ ਇਲਾਜ ਨਾਲ ਤਕਰੀਬਨ 5 ਦਿਨਾਂ ਵਿੱਚ ਅਰਾਮ ਆ ਜਾਵੇਗਾ।

## ਮਾਪੇ ਕਿਵੇਂ ਮਦਦ ਕਰ ਸਕਦੇ ਹਨ

ਇਹ ਰੋਗ ਡੇਕੇਅਰ, ਸਕੂਲਾਂ ਅਤੇ ਗਰਮੀ ਦੇ ਕੈਂਪਾਂ ਵਿੱਚ ਅਸਾਨੀ ਨਾਲ ਫੈਲਦਾ ਹੈ। ਇਸ ਰੋਗ ਵਾਲੇ ਬੱਚੇ ਨੂੰ ਘਰ ਹੀ ਰੱਖੋ।

ਜੇ ਤੁਹਾਨੂੰ ਕਿਸੇ ਐਸੇ ਬੱਚੇ ਦਾ ਪਤਾ ਹੈ ਜਿਸ ਨੂੰ ਫੋੜੇ ਫਿਣਸੀਆਂ ਦਾ ਰੋਗ ਹੈ ਤਾਂ ਆਪਣੇ ਬੱਚਿਆਂ ਵਿੱਚ ਰੋਗ ਦੀਆਂ ਨਿਸ਼ਾਨੀਆਂ ਦਾ ਧਿਆਨ ਰੱਖੋ ਅਤੇ ਆਪਣੇ ਬੱਚਿਆਂ ਦਾ ਰੋਗੀ ਬੱਚੇ ਨਾਲ ਸੰਪਰਕ ਘੱਟ ਕਰੋ।

ਜੇ ਤੁਹਾਡੇ ਬੱਚੇ ਨੂੰ ਇਹ ਬਿਮਾਰੀ ਲਗ ਜਾਏ ਤਾਂ ਘਰ ਵਿੱਚ ਸਭ ਨੂੰ ਚੰਗੀ ਤਰਾਂ ਬਾਰ ਬਾਰ ਹੱਥ ਧੋਣੇ ਚਾਹੀਦੇ ਹਨ ਖਾਸਕਰ ਰੋਗੀ ਨਾਲ ਸਰੀਰਕ ਸੰਪਰਕ ਪਿੱਛੋਂ।

ਇਹ ਬੜਾ ਜ਼ਰੂਰੀ ਹੈ ਕਿ ਰੋਗੀ ਬੱਚੇ ਦੇ ਕਪੜੇ ਅਤੇ ਬਿਸਤਰੇ ਦੇ ਕਪੜੇ ਅਲਗ ਗਰਮ ਪਾਣੀ ਨਾਲ ਧੋਤੇ ਜਾਣ ਅਤੇ ਗਰਮ ਡਰਾਇਅਰ ਵਿੱਚ ਹੀ ਸੁਕਾਏ ਜਾਣ।

ਬੱਚਿਆਂ ਨੂੰ ਇਹ ਸਮਝਾਇਆ ਜਾਵੇ ਕਿ ਆਪਣੇ ਜ਼ਖਮਾਂ ਨੂੰ ਨਾ ਛੇੜਣ। ਬੱਚਿਆਂ ਦੇ ਨਹੁੰ ਸਾਫ਼ ਅਤੇ ਛੋਟੇ ਰੱਖੋ। ਬਾਰ ਬਾਰ ਹੱਥ ਧੋਣ ਵਿੱਚ ਉਨ੍ਹਾਂ ਦੀ ਮਦਦ ਕਰੋ।

ਜਿਵੇਂ ਜਿਵੇਂ ਬਿਮਾਰੀ ਵਿੱਚ ਮੋੜਾ ਪਵੇ ਤਾਂ ਚਮੜੀ ਤੇ ਢਿੱਲੇ ਖਰੀਂਡਾਂ ਨੂੰ 15-20 ਮਿੰਟਾਂ ਲਈ ਗਰਮ ਅਤੇ ਗਿਲੇ ਸਾਫ਼ ਕਪੜੇ ਨਾਲ ਤਰ ਕਰੋ ਅਤੇ ਬਾਅਦ ਵਿੱਚ ਸਾਬਣ ਵਾਲੇ ਪਾਣੀ ਨਾਲ ਧੋਕੇ ਸੁਕਾ ਦਿਓ।

**ਨੋਟ:** ਜਦੋਂ ਤੁਹਾਡੇ ਬੱਚੇ ਦਵਾਈ ਲੈਣ ਲਗ ਪੈਣ ਤਾਂ ਸਕੂਲ ਜਾਂ ਡੇਕੇਅਰ ਜਾਣ ਤੋਂ ਪਹਿਲਾਂ 24 ਘੰਟੇ ਇੰਤਜ਼ਾਰ ਕਰਨ। ਇਸ ਤਰਾਂ ਦੂਜਿਆਂ ਬੱਚਿਆਂ ਵਿੱਚ ਬਿਮਾਰੀ ਫੈਲਣ ਤੋਂ ਰੋਕਣ ਵਿੱਚ ਮਦਦ ਮਿਲੇਗੀ।

ਇਹ ਬੜਾ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਤਜਵੀਜ਼ ਕੀਤੀ *ਸਾਰੀ* ਦਵਾਈ ਲਵੇ ਜਦੋਂ ਤੱਕ ਖ਼ਤਮ ਨਾ ਹੋ ਜਾਵੇ—ਬੇਸ਼ੱਕ ਫਿਣਸੀਆਂ ਦੇ ਦਾਣੇ ਖਤਮ ਵੀ ਹੋ ਗਏ ਹੋਣ।

BC Centre for Disease Control
AN AGENCY OF THE PROVINCIAL HEALTH SERVICES AUTHORITY

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।